Bima Bemisaal



# ਰੰਜਨ ਅਤੇ ਉਸ ਦਾ
# ਮਿਲਾਪ ਬੀਮੇ ਦੇ ਨਾਲ

## ਇਕ ਉਪਭੋਗਤਾ ਗਿਆਨ ਲੜੀ

**(Punjabi)**

# ਵਿਸ਼ਾ ਸੂਚੀ


| ਵਿਸ਼ਾ | ਪੰਨਾ |
| --- | --- |
| ਰੰਜਨ-ਦੁਆਰਾ ਬੀਮਾ ਓਂਬੰਡਸਮੈਨ ਦੀ ਖੋਜ | 1 |
| ਰੰਜਨ ਨੇ ਬ੍ਰੇਕ ਲਗਾਈ ਮੋਟਰ ਬੀਮੇ ਲਈ | 2 |
| ਰੰਜਨ ਨੇ ਯੂਲਿਪ ਬਾਰੇ ਪਾਈ ਹੋਰ ਜਾਣਕਾਰੀ | 3 |
| ਰੰਜਨ ਨੂੰ ਪਤਾ ਚੱਲਦਾ ਹੈ ਕਿ ਈਮਾਨਦਾਰੀ ਹੈ ਬਿਹਤਰੀਨ ਨੀਤੀ | 4 |
| ਰੰਜਨ ਸਮਝਦਾ ਹੈ ''ਅੰਡਰਇੰਸ਼ੋਰੈਂਸ'' | 5 |
| ਰੰਜਨ ਹੁਣ ਆਪਣੀ ਸਿਹਤ ਬੀਮਾ ਪਾਲਿਸੀ ਨੂੰ 'ਪੋਰਟ' ਕਰ ਸਕਦਾ ਹੈ। | 6 |
| ਰੰਜਨ ਨੇ ਜਾਣਿਆ ਫ੍ਰੀ ਲੁਕ ਪੀਰੀਅਡ ਬਾਰੇ | 7 |
| ਰੰਜਨ ਨੇ ਭਰਿਆ ਪ੍ਰੋਪੋਜ਼ਲ ਫ਼ਾਰਮ | 8 |
| ਰੰਜਨ ਜਾਣਦਾ ਹੈ ਲਾਇਸੰਸਡ ਵਿਚੋਲਿਆਂ ਬਾਰੇ | 9 |
| ਰੰਜਨ ਜਾਣਦਾ ਹੈ ਸਰਵੇਅਰਾਂ ਬਾਰੇ | 10 |
| ਰੰਜਨ ਨੇ ਪਾਈ ਟੈੱਕ ਜਾਣਕਾਰੀ | 11 |
| ਰੰਜਨ ਜਾਣਦਾ ਹੈ ਕੈਸ਼ਲੈੱਸ ਸੇਵਾ ਬਾਰੇ | 12 |

## ਰੰਜਨ-ਦੁਆਰਾ ਬੀਮਾ ਓਬੰਡਸਮੈਨ ਦੀ ਖੋਜ

ਰੰਜਨ ਕੋਲ ਪਿਛਲੇ 7 ਸਾਲਾਂ ਤੋਂ ਖ਼ੁਦ ਅਤੇ ਪਰਿਵਾਰ ਲਈ ਸਿਹਤ ਬੀਮਾ ਪਾਲਿਸੀ ਹੈ ਪਰ ਅਜੇ ਤਕ ਉਸ ਨੇ ਕੋਈ ਦਾਅਵਾ ਨਹੀਂ ਕੀਤਾ। ਹੁਣ, ਰੰਜਨ ਦੇ 60-ਵਰਸ਼ੀ ਅਤੇ ਰਿਟਾਇਰਡ ਪੈਨਸ਼ਨਰ ਪਿਤਾ ਨੂੰ ਲੋੜ ਹੈ ਮੋਤੀਆ ਬਿੰਦੂ ਦਾ ਅਪ੍ਰੇਸ਼ਨ ਕਰਾਉਣ ਦੀ। ਜਦ ਕਿ ਕੈਸ਼ਲੈੱਸ ਸਹੂਲਤ ਲਈ ਤੀਜੀ ਪਾਰਟੀ ਪ੍ਰਸ਼ਾਸਕ ਨੂੰ ਉਸ ਦੀ ਦਰਖ਼ਾਸਤ ਰੁ.20,000 ਦੀ ਰਕਮ ਤਕ ਸੀਮਿਤ ਕਰਕੇ ਸਵੀਕਰੀ ਗਈ, ਪਰ ਅਨੁਮਾਨਿਤ ਖਰਚਾ ਹੋਣਾ ਸੀ ਰੁ.40,000। ਰੰਜਨ ਨੇ ਇਸ ਰਕਮ ਨੂੰ ਬਦਲਾਵ ਦਾ ਯਤਨ ਕੀਤਾ ਪਰ ਕਾਮਯਾਬੀ ਨਾ ਮਿਲੀ।







Bima Bemisaal

## ਰੰਜਨ ਨੇ ਬ੍ਰੇਕ ਲਗਾਈ ਮੋਟਰ ਬੀਮੇ ਲਈ

ਰੰਜਨ ਸੁਰੱਖਿਆ ਸਹਿਤ, ਕਾਨੂੰਨ ਦੀ ਪਾਲਣਾ ਕਰਨ ਵਾਲਾ ਡ੍ਰਾਈਵਰ ਹੈ। ਇਸ ਸਵੇਰੇ ਉਹ ਹਮੇਸ਼ਾ ਵਾਂਗਰ ਆਫ਼ਿਸ ਜਾਣ ਲਈ ਘਰੋਂ ਚੱਲਿਆ। ਜਦ ਹੀ ਆਫ਼ਿਸ ਪਹੁੰਚਣ ਲਈ ਉਹ ਮੋੜ ਮੁੜਿਆ, ਇਕ ਰੈਸ਼ ਬਾਈਕ ਡ੍ਰਾਈਵਰ ਅਚਾਨਕ ਰਾਹ ਕੱਟ ਕੇ ਲੰਘਿਆ। ਰੰਜਨ ਦੀ ਦਿਮਾਗੀ ਚੌਕਸੀ ਅਤੇ ਖ਼ੁਸ਼ਕਿਸਮਤੀ ਦੀ ਮਿਹਰ ਸਦਕਾ ਉਸ ਨੇ ਸਮੇਂ ਸਿਰ ਬ੍ਰੇਕ ਲਗਾਈ ਅਤੇ ਇਕ ਵੱਡੀ ਦੁਰਘਟਨਾ ਹੋਣੋ ਰੁਕ ਗਈ। ਰੱਬ ਦਾ ਸ਼ੁਕਰਾਨਾ ਕਰਦਾ ਹੋਇਆ ਉਹ ਆਫ਼ਿਸ ਵਿੱਚ ਦਾਖ਼ਿਲ ਹੋਇਆ ਕਿ ਕੁਝ ਵੀ ਅਭਾਗਾ ਨਹੀਂ ਵਾਪਰਿਆ। ਉਸੇ ਖਿਨ ਉਸ ਦੇ ਮਨ ਵਿੱਚ ਆਈ ਕਿ ਜੇ ਦੁਰਘਟਨਾ ਵਾਪਰ ਹੀ ਗਈ ਹੁੰਦੀ ਤਾਂ ਉਹ ਇਸ ਦੀ ਭਰਪਾਈ ਕਿਵੇਂ ਕਰਦਾ। ਆਖ਼ਰ ਉਸ ਦੀ ਬੀਮਾ ਪਾਲਿਸੀ ਕਿੱਥੇ ਸੀ ? ਕੀ ਇਹ ਵੈਧ ਸੀ ? ਉਹਨੇ ਆਪਣੇ ਕਾਗਜ਼ਾਂ ਵਿੱਚ ਫੋਲਾ-ਫਰੋਲੀ ਕੀਤੀ ਪਰ ਉਸ ਨੂੰ ਪਾਲਿਸੀ ਨਾ ਮਿਲੀ।







Bima Bemisaal
irda
ਰੰਜਨ ਨੇ ਯੂਲਿਪ ਬਾਰੇ ਪਾਈ ਹੋਰ ਜਾਣਕਾਰੀ
ਰੰਜਨ ਨੂੰ ਅਚਾਨਕ ਮਹਿਸੂਸ ਹੋਇਆ ਕਿ ਉਸ ਨੇ ਜੋ ਘਰ ਆਪਣੇ ਲਈ ਪਸੰਦ ਕੀਤਾ ਹੈ, ਉਹ ਖ਼ਰੀਦਣ ਲਈ ਤਾਂ ਉਸ ਨੂੰ ਧਨ ਦੀ ਲੋੜ ਪਏਗੀ। ਉਸ ਨੇ ਆਪਣੇ ਕੋਲ ਮੌਜੂਦ ਧਨ ਦਾ ਅਨੁਮਾਨ ਲਗਾਇਆ ਅਤੇ ਪਤਾ ਲੱਗਾ ਕਿ ਉਹਦੇ ਕੋਲ... ਬੀਮਾ ਕੰਪਨੀ ਦੀ ਇਕ ਯੂਨਿਟ ਲਿੰਕਡ ਬੀਮਾ ਪਾਲਿਸੀ (ਯੂਲਿਪ) ਹੈ। ਉਹਨੇ ਇਸ ਨੂੰ ਸਰੇਂਡਰ ਕਰ ਕੇ ਆਪਣਾ ਪੈਸਾ ਵਾਪਸ ਲੈ ਲੈਣ ਦਾ ਫ਼ੈਸਲਾ ਕੀਤਾ। ਉਸ ਨੇ ਇਸ ਬਾਰੇ ਬੀਮਾ ਕੰਪਨੀ ਨੂੰ ਚਿੱਠੀ ਲਿਖੀ ਅਤੇ ਫ਼ੋਨ ਵੀ ਕੀਤਾ।
ਮਿ. ਸ਼ਰਮਾ, ਮੈਂ 2 ਸਾਲ ਪਹਿਲਾਂ ਜੋ ਯੂਨਿਟ ਲਿੰਕਡ ਬੀਮਾ ਪਾਲਿਸੀ ਲਈ ਸੀ, ਚਾਹੁੰਦਾ ਹਾਂ ਕਿ ਉਸ ਨੂੰ ਸਰੇਂਡਰ ਕਰ ਕੇ ਆਪਣਾ ਪੈਸਾ ਵਾਪਸ ਲੈ ਲਵਾਂ।
ਮਿ. ਸ਼ਰਮਾ : ਪਰ ਜੁਨਾਬ, ਤੁਸੀਂ ਆਪਣੀ ਪਾਲਿਸੀ ਨੂੰ 3 ਸਾਲ ਪੂਰੇ ਹੋਣ ਤੋਂ ਪਹਿਲਾਂ ਸਰੇਂਡਰ ਨਹੀਂ ਕਰ ਸਕਦੇ।
ਪਰ... ਮੈਨੂੰ ਤਾਂ ਇਸ ਦਾ ਕਦੇ ਵੀ ਪਤਾ ਨਹੀਂ ਸੀ। ਮੈਂ ਨਹੀਂ ਜਾਣਦਾ ਕਿ ਤੁਸੀ ਕਦੇ ਵੀ ਇਸ ਬਾਰੇ ਮੈਨੂੰ ਸਮਝਾਇਆ ਹੋਵੇ।
ਪਰ ਜੁਨਾਬ, ਮੈਂ ਇਸ ਬਾਰੇ ਤੁਹਾਨੂੰ ਦੱਸਿਆ ਸੀ, ਪਰ ਗੱਲ ਕਰਦੇ ਕਰਦੇ, ਕਿਉਂਕਿ ਮੈਂ ਚਾਹੁੰਦਾ ਹਾਂ ਕਿ ਤੁਸੀਂ ਆਪਣੀ ਪਾਲਿਸੀ ਸਰੇਂਡਰ ਨਾ ਕਰੋ।
ਰੰਜਨ ਆਪਣੇ ਦੋਸਤ ਮੋਹਨ ਨੂੰ ਮਿਲਦਾ ਹੈ ਜੋ ਬੀਮੇ ਬਾਰੇ ਜਾਣਕਾਰੀ ਰੱਖਦਾ ਹੈ।
ਮੋਹਨ, ਯਾਰ ਮੈਂ ਆਪਣੀ ਦੋ ਸਾਲ ਪਹਿਲਾਂ ਖ਼ਰੀਦੀ ਯੂਲਿਪ ਪਾਲਿਸੀ ਸਰੇਂਡਰ ਕਰਨੀ ਚਾਹੁੰਦਾ ਹਾਂ, ਪਰ ਬੀਮਾ ਕੰਪਨੀ ਇਸ ਦੀ ਇਜਾਜ਼ਤ ਨਹੀਂ ਦੇ ਰਾਹੀ।
ਹਾਂ, ਰੰਜਨ, ਜਿਸ ਵੇਲੇ ਤੁਸੀਂ ਪਾਲਿਸੀ ਖ਼ਰੀਦੀ ਸੀ, ਤਾਂ ਇਸ ਵਿੱਚ 3 ਸਾਲਾਂ ਦੀ ਲਾਕ-ਇਨ ਮਿਆਦ ਵੀ ਸੀ। ਤੁਸੀਂ ਆਪਣੀ ਪਾਲਿਸੀ ਇਸ ਲਾਕ-ਇਨ ਮਿਆਦ ਦੁਆਰਾ ਸਰੇਂਡਰ ਨਹੀਂ ਕਰ ਸਕਦੇ। ਜੇ ਤੁਸੀਂ ਸਰੇਂਡਰ ਕਰੋ ਵੀ, ਤਾਂ ਤੁਹਾਡਾ ਪੈਸਾ ਤੁਹਾਨੂੰ ਲਾਕ-ਇਨ ਮਿਆਦ ਦੇ ਖ਼ਤਮ ਹੋਣ 'ਤੇ ਹੀ ਮਿਲੇਗਾ। ਅਸਲ ਵਿੱਚ, ਰੰਜਨ, ਜੁਲਾਈ, 2010 ਤੋਂ ਸ਼ੁਰੂ ਕਰਕੇ ਇੰਸ਼ੋਰੈਂਸ ਰੈਗੂਲੇਟਰ, ਆਈਆਰਡੀਏ ਨੇ ਵੇਚੀਆਂ ਜਾਣ ਵਾਲੀਆਂ ਯੂਲਿਪ ਪਾਲਿਸੀਆਂ ਲਈ 5 ਸਾਲ ਦੀ ਲਾਕ-ਇਨ ਮਿਆਦ ਨੂੰ ਕਾਨੂੰਨਨ ਲਾਜਮੀ ਬਣਾ ਦਿੱਤਾ ਹੈ।
ਓਹ ! ਮੈਨੂੰ ਤਾਂ ਇਸ ਲਾਕ-ਇਨ ਮਿਆਦ ਬਾਰੇ ਕੁਝ ਪਤਾ ਹੀ ਨਹੀਂ ਸੀ। ਮੈਂ ਤਾਂ ਪਾਲਿਸੀ ਵੀ ਵੇਖੀ ਨਹੀਂ ਸੀ।
ਰੰਜਨ, ਤੁਹਾਨੂੰ ਆਪਣੀ ਪਾਲਿਸੀ ਨੂੰ ਪੂਰੀ ਤਰ੍ਹਾਂ, ਲਫ਼ਜ਼-ਲਫ਼ਜ਼ ਪੜ੍ਹਨਾ ਚਾਹੀਦਾ ਹੈ ਤਾਂ ਕਿ ਤੁਹਾਨੂੰ ਪਾਲਿਸੀ ਦੇ ਸਭ ਲੱਛਣਾਂ ਬਾਰੇ ਸਮਝ ਆ ਜਾਏ, ਜਿਵੇਂ ਲਾਕ-ਇਨ ਮਿਆਦ, ਕੱਟੇ ਜਾਣ ਵਾਲੇ ਵੱਖ-ਵੱਖ ਤਰ੍ਹਾਂ ਦੇ ਚਾਰਜ, ਪ੍ਰੀਮੀਅਮ ਦੇ ਭੁਗਤਾਨ ਬਾਰੇ ਜ਼ਿੰਮੇਵਾਰੀਆਂ, ਨਾਮਜ਼ਦਗੀ ਦੀ ਸਹੂਲਤ ਆਦਿਕ। ਭਵਿੱਖ ਵਿੱਚ ਇਹ ਯਾਦ ਰੱਖੋ, ਕਿ ਇਹ ਮਹੱਤਵਪੂਰਨ ਹੈ ਕਿ ਤੁਸੀਂ ਇਹਨਾਂ ਅਤੇ ਹੋਰ ਜ਼ਰੂਰੀ ਖ਼ੂਬੀਆਂ ਬਾਰੇ ਏਜੰਟ ਅਤ ਬੀਮਾ ਕੰਪਨੀ ਤੋਂ ਸਿੱਧੇ ਸਵਾਲ ਪੁੱਛੋ।
ਇਕ ਯੂਲਿਪ ਖ਼ਰੀਦਣ ਤੋਂ ਪਹਿਲਾਂ ਸਰੇਂਡਰ ਚਾਰਜਜ਼ ਦੇ ਸਹੀ ਸਹੀ ਪ੍ਰਤੀਸ਼ਤ ਦਾ ਪਤਾ ਲਗਾਓ। ਨਾਲ ਹੀ, ਸਭ ਚਾਰਜਜ਼ ਦਾ ਕੁੱਲ-ਜੋੜ ਜਾਣੋ ਅਤੇ ਘੱਟ ਚਾਰਜਜ਼ ਵਾਲੀ ਪਾਲਿਸੀ ਖ਼ਰੀਦੋ।


Bima Bemisaal
ਰੰਜਨ ਨੂੰ ਪਤਾ ਚੱਲਦਾ ਹੈ ਕਿ ਈਮਾਨਦਾਰੀ ਹੈ ਬਿਹਤਰੀਨ ਨੀਤੀ
ਰੰਜਨ ਦੇ ਮਾਤਾ ਪਿਤਾ ਬਿਰਧ ਹੋ ਰਹੇ ਹਨ ਅਤੇ ਉਹਨਾਂ ਦੇ ਬਾਰ-ਵਬਾਰ ਹਸਤਪਾਲਵਾਸ ਕਾਰਨ ਰੰਜਨ ਨੂੰ ਬਹੁਤ ਚਿੰਤਾ ਹੁੰਦੀ ਹੈ। ਹਰ ਸਾਲ ਉਹਨੂੰ ਇਸ ਕਾਰਨ ਕਾਫ਼ੀ ਪੈਸਾ ਖ਼ਰਚਣਾ ਪੈਂਦਾ ਹੈ। ਆਖ਼ਰ ਇਹਨਾਂ ਬਿੱਲਾਂ ਦਾ ਭੁਗਤਾਨ ਕਿਵੇਂ ਕੀਤਾ ਜਾਏ ! ਰੰਜਨ... ਬੀਮਾ ਕੰਪਨੀ ਦੇ ਇਕ ਵਿਗਿਆਪਨ ਵਿੱਚ ਸਿਹਤ ਬੀਮਾ ਪਾਲਿਸੀ ਬਾਰੇ ਪੜ੍ਹਦਾ ਹੈ। ਰੰਜਨ ਕੰਪਨੀ ਨਾਲ ਸੰਪਰਕ ਕਰਦਾ ਹੈ। ਵਿਕਰੀ ਕਰਮਚਾਰੀ ਇਸ ਪੁੱਛ- ਗਿੱਛ ਤੋਂ ਖ਼ੁਸ ਹਨ ਕਿ ਉਹ ਇਕ ਹੋਰ ਪਾਲਿਸੀ ਵੇਚ ਸਕਣਗੇ।
ਜੁਨਾਬ, ਇਹ ਨੇ ਪ੍ਰਸਤਾਵ ਫ਼ਾਰਮ, ਅਤੇ ਫ਼ਾਰਮ ਮੈਡੀਕਲ ਟੈਸਟਾਂ ਲਈ ਜੋ ਕਿ ਵਿਪਰੀਤ ਮੈਡੀਕਲ ਹਿਸਟਰੀ ਦੇ ਮਾਮਲੇ ਵਿੱਚ ਕੀਤੇ ਜਾਣੇ ਜ਼ਰੂਰੀ ਹਨ ਅਤੇ ਬੀਮਾ ਉਤਪਾਦਨ ਦੇ ਪ੍ਰਾਸਪੈਕਟਸ।
ਰੰਜਨ ਵਿਸਤ੍ਰਿਤ ਮੈਡੀਕਲ ਰਿਪੋਰਟ ਫ਼ਾਰਮਾਂ ਦਾ ਅਧਿਐਨ ਕਰਦਾ ਹੈ। ਆਪਣੀ ਵਿਪਰੀਤ ਮੈਡੀਕਲ ਸਥਿਤੀ ਕਾਰਨ, ਉਸ ਦੇ ਮਾਤਾ ਪਿਤਾ ਸ਼ਾਇਦ ਫ਼ੌਰਨ ਜ਼ਿਆਦਾਤਰ ਰੋਗਾਂ ਲਈ ਕਵਰੇਜ ਨਾ ਪਾ ਸਕਣ ਅਤੇ ਉਹਨਾਂ ਨੂੰ, ਪ੍ਰਾਸਪੈਕਟਸ ਵਿੱਚ ਦੱਸੇ ਗਏ ਅਨੁਸਾਰ ਐਸੀ ਸੁਰੱਖਿਆ ਪਾਉਣ ਲਈ ਚਾਰ ਸਾਲ ਤਕ ਉਡੀਕ ਕਰਨੀ ਹੋਏਗੀ। ਇਸ ਨਾਲ ਉਸ ਦਾ ਮਨੋਰਥ ਪੂਰਾ ਨਹੀਂ ਸੀ ਹੁੰਦਾ। ਨਾਲ ਹੀ, ਭਾਵੇਂ ਬੀਮਾ ਕੰਪਨੀ ਲਾਗਤ ਬਰਦਾਸ਼ਤ ਕਰਨ ਲਈ ਤਿਆਰ ਹੋ ਵੀ ਜਾਏ, ਤਾਂ ਏਨੇ ਸਾਰੇ ਵਿਸਤ੍ਰਿਤ ਟੈਸਟਾਂ ਦੀ ਪਰੇਸ਼ਾਨੀ ਕੌਣ ਲੈਣੀ ਚਾਹੇਗਾ ?
ਮੇਰੇ ਮਾਤਾ ਪਿਤਾ ਬੇਸ਼ਕ ਸੱਠਵਿਆਂ ਵਿੱਚ ਹਨ। ਪਰ ਉਹ ਤਾਂ ਠੀਕ ਠਾਕ ਹਨ।
ਜੇ ਉਹਨਾਂ ਦੀ ਕੋਈ ਵਿਪਰੀਤ ਮੈਡੀਕਲ ਹਿਸਟਰੀ ਨਹੀਂ ਹੈ, ਤਾਂ ਤੁਸੀਂ ਇਸ ਬਾਰੇ ਪ੍ਰਸਤਾਵ ਫ਼ਾਰਮ ਵਿੱਚ ਬਿਆਨ ਕਰ ਸਕਦੇ ਹੋ ਤੇ ਫਿਰ ਸ਼ਾਇਦ ਉਹਨਾਂ ਨੂੰ ਮੈਡੀਕਲ ਟੈਸਟਾਂ ਦੇ ਝੰਜਟ ਵਿੱਚੋਂ ਨਾ ਲੰਘਣਾ ਪਏ।
ਹਾਂ... ਮੈਂ ਉਹਨਾਂ ਨੂੰ ਸਿਹਤ ਬੀਮੇ ਨਾਲ ਸੁਰੱਖਿਅਤ ਸਿਰਫ਼ ਸਾਵਧਾਨੀ ਵਜੋਂ
ਜੁਨਾਬ, ਇਹ ਤਾਂ ਬੜਾ ਚੰਗਾ ਵਿਚਾਰ ਹੈ... ਇਹ ਭਵਿੱਖ ਵਿੱਚ ਹਮੇਸ਼ਾ ਮਦਦ ਕਰਦਾ ਹੈ।
ਪ੍ਰਸਤਾਵ ਫ਼ਾਰਮ ਭਰੇ ਗਏ ਤੇ ਇਹ ਐਲਾਨ ਕੀਤਾ ਗਿਆ ਕਿ ਦੋਵੇਂ ਡਾਕਟਰੀ ਰੂਪ ਵਿੱਚ ਫ਼ਿੱਟ ਹਨ। ਇਸ ਲਈ ਉਹਨਾਂ ਦੀ ਕੋਈ ਵਿਪਰੀਤ ਹਿਸਟਰੀ ਨਹੀਂ ਹੈ... ਇਹ ਵੀ ਕਿਹਾ ਗਿਆ। ਪਰ ਭਾਗਾਂ ਦੇ ਲੇਖ... ਰੰਜਨ ਦੀ ਮਾਤਾ ਨੂੰ ਅਗਲੇ ਦੋ ਮਹੀਨਿਆਂ ਅੰਦਰ ਹੀ ਕਾਰਡੀਅਕ (ਦਿਲ ਦੀ) ਸਮੱਸਿਆ ਲਈ ਹਸਪਤਾਲ ਵਿੱਚ ਭਰਤੀ ਹੋਣਾ ਪਿਆ। ਰੰਜਨ ਨੇ ਕੈਸ਼ਲੈੱਸ ਸਹੂਲਤ ਲਈ ਬੀਮਾ ਕਰਤਾ ਦੇ ਤੀਜੀ ਪਾਰਟੀ ਪ੍ਰਸ਼ਾਸਕ ਨੂੰ ਅਰਜ਼ੀ ਭੇਜੀ। ਉਸ ਨੂੰ ਟੀਪੀਏ ਵੱਲੋਂ ਆਏ ਜਵਾਬ ਨੇ ਇਕ ਵੱਡਾ ਧੱਕਾ ਲਗਾਇਆ, ਅਖੇ ਰੋਗ ਇਕ ਪੂਰਵ-ਮੌਜੂਦ ਰੋਗ (ਪੀਈਡੀ) ਸੀ।
ਤੁਸੀਂ ਕਿਸ ਆਧਾਰ 'ਤੇ ਇਸ ਤੋਂ ਇਨਕਾਰ ਕਰ ਸਕਦੇ ਹੋ ? ਕੀ ਤੁਸੀਂ ਪ੍ਰਸਤਾਵ ਫ਼ਾਰਮ ਨਹੀਂ ਵੇਖ ਸਕਦੇ ? ਇਸ ਵਿੱਚ ਸਪਸ਼ਟ ਬਿਆਨ ਕੀਤਾ ਗਿਆ ਹੈ ਕਿ ਉਹ ਸਿਹਤਮੰਦ ਹੈ ਅਤੇ ਕੋਈ ਬਿਮਾਰੀ ਨਹੀਂ ਹੈ।
ਪਰ ਜੁਨਾਬ, ਪ੍ਰਗਟ ਰੂਪ ਵਿੱਚ ਤੁਹਾਡੀ ਮਾਤਾ ਦੀ ਪਹਿਲਾਂ ਹੀ ਕਾਰਡੀਅਕ ਸਮੱਸਿਆਵਾਂ ਦੀ ਹਿਸਟਰੀ ਹੈ ਅਤੇ ਸਟੇਂਟ ਵੀ ਲਗਾਇਆ ਹੋਇਆ ਹੈ। ਸਾਡੀ ਤਫ਼ਤੀਸ਼ ਨੇ ਇਹ ਸਾਫ਼ ਰੂਪ ਵਿੱਚ ਵਿਖਾਇਆ ਹੈ।
ਰੰਜਨ, ਤੁਸੀਂ ਆਪਣੇ ਬਿਆਨਾਂ ਵਿੱਚ ਸੱਚ ਕਿਉਂ ਨਾ ਦੱਸਿਆ ? ਤੁਸੀਂ ਇਹ ਸੋਚ ਵੀ ਕਿਵੇਂ ਲਿਆ ਕਿ ਤੁਸੀਂ ਤੱਥਾਂ ਨੂੰ ਲੁਕਾ ਕੇ ਬਚ ਨਿਕਲੋਗੇ ? ਨਾਲ ਹੀ, ਮੈਨੂੰ ਇਸ ਦੀ ਵੀ ਹੈਰਾਨੀ ਹੈ ਕਿ ਤੁਸੀਂ ਉਹਨਾਂ ਦੀ ਸਿਹਤ ਦੇ ਬੀਮੇ ਬਾਰੇ ਅਗੇਤੀ ਪਲਾਨਿੰਗ ਨਹੀਂ ਕੀਤੀ। ਹੁਣ ਵੇਖੋ, ਨੁਕਸਾਨ ਤੁਹਾਡਾ ਹੀ ਹੋ ਰਿਹਾ ਹੈ।
ਹੁਣ ਤਾਂ ਇਹ ਕੰਪਨੀ ਭਾਵੀ
ਯਾਦ ਨਾਲ ਪ੍ਰਸਤਾਵ ਫ਼ਾਰਮ ਨੂੰ ਪੂਰੀ ਸਚਾਈ ਨਾਲ ਭਰੋ ਅਤੇ ਨਾਰੀ ਲੋੜੀਂਦੀ ਸੰਬੰਧਿਤ ਜਾਣਕਾਰੀ ਪ੍ਰਦਾਨ ਕਰੋ। ਇਹ ਯਕੀਨ ਕਰ ਲਓ ਕਿ ਤੁਸੀਂ ਸਿਹਤ ਬੀਮਾ ਉਦੋਂ ਹੀ ਕਰਾ ਲਓ ਜਦ ਉਮਰ ਜ਼ਿਆਦਾ ਨਾ ਹੋਵੇ ਅਤੇ ਸਚਮੁਚ ਸਿਹਤਮੰਦ ਹੋ।

# ਰੰਜਨ ਸਮਝਦਾ ਹੈ ''ਅੰਡਰਇੰਸ਼ੋਰੈਂਸ''

ਰੰਜਨ ਬੀਮੇ ਰਾਹੀਂ ਖ਼ੁਦ ਨੂੰ ਅਤੇ ਆਪਣੇ ਪਰਿਵਾਰ ਨੂੰ ਸੁਰੱਖਿਅਤ ਕਰਨ ਲਈ ਦਿਨੋ ਦਿਨ ਹੋਰ ਸਮਝਦਾਰ ਹੁੰਦਾ ਜਾ ਰਿਹਾ ਹੈ। ਮੌਤ, ਅਪੰਗਤਾ ਅਤੇ ਬਿਮਾਰੀ ਵਿਰੁੱਧ ਸੁਰੱਖਿਅਤ ਹੋਣ ਤੋਂ ਬਾਅਦ, ਹੁਣ ਉਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਉਹ ਆਪਣੇ ਘਰ ਅਤੇ ਲੰਮੇ ਸਮੇਂ ਤਕ ਪਲਾਨਿੰਗ ਅਤੇ ਬਚਤ ਕਰਕੇ ਜੁਟਾਈਆਂ ਚੀਜ਼ਾਂ ਨੂੰ ਅੱਗ, ਹੜ੍ਹ ਅਤੇ ਡੁੱਬਣ ਆਦਿ ਵਿਰੁੱਧ ਸੁਰੱਖਿਅਤ ਬਣਾਏ। ਉਸ ਦਾ ਏਜੰਟ ਬਹੁਤ ਕੁਝ ਜਾਣਦਾ ਹੈ ਅਤੇ ਕਾਰਜਕੁਸ਼ਲ ਹੈ, ਉਹ ਰੰਜਨ ਨੂੰ ਆਪਣੀ ਸੰਪਤੀ ਨੂੰ ਚੰਗੀ ਤਰ੍ਹਾਂ ਸੂਚੀਬੱਧ ਕਰਨ ਤੋਂ ਬਾਅਦ ਉਸ ਦਾ ਮੁੱਲ ਪੁਆਉਣ ਦੀ ਸਲਾਹ ਦੇਂਦਾ ਹੈ।







ਰੰਜਨ ਨੇ ਕਾਹਲੀ ਵਿੱਚ ਆਪਣਾ ਬੀਮਾ ਏਜੰਟ ਹੀ ਬਦਲ ਛੱਡਿਆ; ਉਸ ਨੇ ਦੂਜੇ ਏਜੰਟ ਨਾਲ ਗੱਲ ਕੀਤੀ ਜੋ ਰੰਜਨ ਦੀ ਇੱਛਾ ਨੂੰ ਸਮਝ ਗਿਆ। ਉਸ ਨੂੰ ਤਾਂ ਬਸ ਆਪਣੀ ਕਮੀਸ਼ਨ ਦੀ ਪਈ ਸੀ, ਸ਼ਾਇਦ ਲੰਮੀ ਮਿਆਦ ਤਕ ਆਪਣੇ ਕਲਾਇੰਟ ਦੀ ਸੇਵਾ ਕਰਨ ਲਈ ਵਚਨਬੱਧ ਨਹੀਂ ਸੀ। ਰੰਜਨ ਨੇ ਆਪਣੇ ਘਰ ਅਤੇ ਹੋਰ ਚੀਜ਼ਾਂ, ਜਿਨ੍ਹਾਂ ਦਾ ਮੁੱਲ ਰੁ. 15,00, 000 ਸੀ, ਦਾ ਬੀਮਾ ਮਾਰਕੀਟ ਮੁੱਲ ਦੇ ਆਧਾਰ 'ਤੇ ਰੁ.5,00,000 ਲਈ ਕਰਾ ਲਿਆ। ਟੈਕਨੀਕਲੀ ਕਿਹਾ ਜਾ ਸਕਦਾ ਹੈ ਕਿ ਸੰਪਤੀ ਨੂੰ ਉਸ ਦੀ ਕਦਰ-ਕੀਮਤ ਦੇ 2/3 (ਦੋ ਤਿਹਾਈ) 'ਤੇ ਅੰਡਰਇੰਸ਼ੋਅਰ ਕੀਤਾ ਗਿਆ।

ਮੰਦੇ ਭਾਗਾਂ ਨੂੰ, ਕੁਦਰਤ ਦਾ ਕਹਿਰ ਵਰਤਿਆ ਅਤੇ ਰੰਜਨ ਦਾ ਸ਼ਹਿਰ ਇਕ ਉਦਾਸ ਸਵੇਰੇ ਹੜ੍ਹਾਂ ਦੇ ਲਪੇਟ ਵਿੱਚ ਆ ਕੇ ਹਰ ਪਾਸੇ ਪਾਣੀ ਵਿੱਚ ਡੁੱਬ ਗਿਆ।

ਰੰਜਨ ਨੇ ਮਿ. ਐਕਸ (ਬੀਮਾ ਏਜੰਟ) ਨੂੰ ਸੂਚਿਤ ਕੀਤਾ ਕਿ ਉਸ ਦੇ ਘਰ ਦਾ ਅਤੇ ਹੋਰ ਸਮਾਨ ਦਾ ਕਾਫ਼ੀ ਨੁਕਸਾਨ ਹੋਇਆ ਸੀ। ਅਨੁਮਾਨ ਹੈ 2 ਲੱਖ ਰੁਪਏ। ਬੀਮਾ ਕੰਪਨੀ ਨੇ ਫ਼ਟਾ-ਫ਼ਟ ਨੁਕਸਾਨ ਦਾ ਸਰਵੇਖਣ ਕੀਤਾ। ਨੁਕਸਾਨ ਦਾ ਅਨੁਮਾਨ ਰੁ. 1,50,000 ਲਗਾਇਆ ਗਿਆ। ਪਰ ਉਹਨੇ ਕਿਉਂਕਿ ਕਾਫ਼ੀ ਅੰਡਰਇੰਸ਼ੋਅਰ ਕੀਤਾ ਸੀ, ਦਾਅਵੇ ਨੇ ਸਿਰਫ਼ ਰੁ.50,000 ਹੀ ਪੇਸ਼ ਕੀਤੇ। ਰੰਜਨ ਤਾਂ ਹੱਕਾ-ਬੱਕਾ ਰਹਿ ਗਿਆ।




ਰੰਜਨ ਨੂੰ ਅਚਾਨਕ ਯਾਦ ਆਇਆ, ਜੋ ਪਹਿਲੇ ਏਜੰਟ ਨੇ ਉਸ ਨੂੰ ਦੱਸਿਆ ਸੀ। ਜੇ ਉਸ ਨੇ ਉਸ ਏਜੰਟ ਦੀ ਮੰਨੀ ਹੁੰਦੀ, ਤਾਂ ਅੱਜ ਐਸੀ ਹਾਲਤ ਦਾ ਸਾਹਮਣਾ ਨਾ ਕਰਨਾ ਪੈਂਦਾ।



Bima Bemisaal

## ਰੰਜਨ ਹੁਣ ਆਪਣੀ ਸਿਹਤ ਬੀਮਾ ਪਾਲਿਸੀ ਨੂੰ 'ਪੋਰਟ' ਕਰ ਸਕਦਾ ਹੈ।

ਰੰਜਨ xyz ਬੀਮਾ ਕੰਪਨੀ ਵੱਲੋਂ ਲਈ ਗਈ ਸਿਹਤ ਬੀਮਾ ਪਾਲਿਸੀ ਦੀ ਸਰਵਿਸਿੰਗ ਨਾਲ ਨਾਖ਼ੁਸ਼ ਹੈ ਪਰ ਉਸੇ ਕੰਪਨੀ ਨਾਲ ਅਜੇ ਤਕ ਜੁੜਿਆ ਹੋਇਆ ਹੈ ਤਾਂ ਕਿ ਪਾਲਿਸੀ ਅਧੀਨ ਜਮ੍ਹਾ ਹੋਏ ਕ੍ਰੈਡਿਟਾਂ ਦਾ ਨੁਕਸਾਨ ਨਾ ਉਠਾਉਣਾ ਪਏ। ਪਰ ਉਹ ਇਸ ਬੀਮਾ ਕੰਪਨੀ ਦੀ ਨਾਕਾਬਲੀਅਤ ਤੋਂ ਬੜਾ ਨਿਰਾਸ਼ ਸੀ। ਉਸ ਨੇ ਇਸ ਬਾਰੇ, ਚਾਹ ਪੀਂਦੇ ਹੋਇਆ ਆਪਣੇ ਦੋਸਤ, ਮੋਹਨ ਸਾਹਮਣੇ ਸ਼ਿਕਾਇਤ ਕੀਤੀ।








Bima Bemisaal

## ਰੰਜਨ ਨੇ ਜਾਣਿਆ ਫ਼੍ਰੀ ਲੁਕ ਪੀਰੀਅਤ ਬਾਰੇ

ਰੰਜਨ ਇਕ ਐਤਵਾਰ ਆਪਣੇ ਅਧਿਐਨ ਕਮਰੇ ਦੀ ਸਫ਼ਾਈ ਕਰ ਰਿਹਾ ਸੀ ਕਿ ਉਸ ਨੂੰ xyz ਬੀਮਾ ਕੰਪਨੀ ਵੱਲੋਂ ਅਜ ਤਕ ਬੰਦ ਪਿਆ ਇਕ ਲਿਫ਼ਾਫ਼ਾ ਮਿਲਿਆ। ਇਹ ਜੀਵਨ ਬੀਮਾ ਪਾਲਿਸੀ ਸੀ ਜੋ ਉਸ ਨੇ 6 ਮਹੀਨੇ ਪਹਿਲਾਂ ਖ਼ਰੀਦੀ ਸੀ ! ''ਇਹ ਚੰਗੀ ਪਾਲਿਸੀ ਹੈ'', ਉਸ ਨੇ ਸੋਚਿਆ, ਜਦ ਏਜੰਟ ਨੇ ਸਕੀਮ ਬਾਰੇ ਸਮਝਾਇਆ ਸੀ ਤਾਂ ਇਹ ਬਹੁਤ ਹੀ ਆਕਰਸ਼ਕ ਜਾਪੀ ਸੀ।

ਰੰਜਨ ਨੇ ਪਾਲਿਸੀ ਨੂੰ ਲਿਫ਼ਾਫ਼ੇ ਵਿੱਚੋਂ ਬਾਹਰ ਕੱਢ ਕੇ ਉਸ ਨੂੰ ਪੜ੍ਹਿਆ। ਉਹ ਹੱਕਾ-ਬੱਕਾ ਰਹਿ ਗਿਆ ਕਿ ਗੱਲ ਏਦਾਂ ਨਹੀਂ ਸੀ ਜਿਵੇਂ ਏਜੰਟ ਨੇ ਸਮਝਾਇਆ ਸੀ। ਇਹ ਪੂਰੀ ਤਰ੍ਹਾਂ ਵੱਖਰੀ ਤਰ੍ਹਾਂ ਦੀ ਪਾਲਿਸੀ ਸੀ, ਜਿੰਨੀ ਮਿਆਦ ਉਹਨੂੰ ਦੱਸੀ ਗਈ ਸੀ ਉਸ ਤੋਂ ਕਿਤੇ ਲੰਮੇਰੀ ਅਤੇ ਇਕ ਨਿਯਮਿਤ ਪ੍ਰੀਮੀਅਮ ਪਾਲਿਸੀ, ਜਦ ਕਿ ਏਜੰਟ ਨੇ ਦੱਸਿਆ ਸੀ ਕਿ ਇਹ ਸਿੰਗਲ ਪ੍ਰੀਮੀਅਮ ਪਾਲਿਸੀ ਸੀ ! ਅਗਲੇ ਦਿਨ, ਉਸ ਦਾ ਪਹਿਲਾ ਕੰਮ ਸੀ ਬੀਮਾ ਕੰਪਨੀ ਦੀ ਵਿਜ਼ਿਟ।









# ਰੰਜਨ ਨੇ ਭਰਿਆ ਪ੍ਰੋਪੋਜ਼ਲ ਫ਼ਾਰਮ

ਰੰਜਨ ਕੋਲ ਤਿੰਨ ਜੀਵਨ ਬੀਮਾ ਪਾਲਿਸੀਆਂ ਅਤੇ ਇਕ ਮੋਟਰ ਬੀਮਾ ਪਾਲਿਸੀ ਹੈ। ਉਹਨੇ ਸੋਚ–ਵਿਚਾਰ ਕੀਤਾ ਅਤੇ ਇਕ ਸਿਹਤ ਬੀਮਾ ਸੁਰੱਖਿਆ ਦਾ ਮਹੱਤਵ ਸਮਝਿਆ। ਉਹਨੇ XYZ ਬੀਮਾ ਕੰਪਨੀ ਦੇ ਏਜੰਟ ਨਾਲ ਗੱਲ ਕੀਤੀ। ਉਹਨੂੰ ਭਰਨ ਲਈ ਇਕ ਪ੍ਰੋਪੋਜ਼ਲ ਫ਼ਾਰਮ ਦਿੱਤਾ ਗਿਆ। ਰੰਜਨ ਨੂੰ ਯਾਦ ਨਾ ਆਇਆ ਕਿ ਉਹਨੇ ਪਹਿਲਾਂ ਵੀ ਕਦੇ ਕੋਈ ਪ੍ਰੋਪੋਜ਼ਲ ਫ਼ਾਰਮ ਭਰਿਆ ਸੀ। ਉਸ ਲਈ ਇਹ ਕੰਮ ਹਮੇਸ਼ਾ ਉਸ ਦੇ ਏਜੰਟ ਨੇ ਹੀ ਕੀਤਾ ਸੀ।












ਰੰਜਨ ਨੇ ਪ੍ਰੋਪੋਜ਼ਲ ਫ਼ਾਰਮ ਭਰਿਆ ਅਤੇ ਉਹਨੂੰ ਪਤਾ ਲੱਗਾ ਕਿ ਜੋ ਵੇਰਵਾ ਫ਼ਾਰਮ ਵਿੱਚ ਮੰਗਿਆ ਗਿਆ ਸੀ, ਉਸ ਦੀ ਏਜੰਟ ਨੂੰ ਕਦੇ ਵੀ ਜਾਣਕਾਰੀ ਨਹੀਂ ਸੀ ਹੋ ਸਕਦੀ। ਉਸ ਨੇ ਫ਼ੈਸਲਾ ਕੀਤਾ ਕਿ ਉਹ ਆਪਣੀਆਂ ਪਹਿਲੀਆਂ ਸਾਰੀਆਂ ਪਾਲਿਸੀਆਂ ਦੇ ਪ੍ਰੋਪੋਜ਼ਲ ਫ਼ਾਰਮਾਂ ਦੀ ਜਾਂਚ–ਪੜਤਾਲ ਕਰੇਗਾ। ਉਸ ਨੂੰ ਫ਼ਿਕਰ ਸੀ ਕਿ ਉਹਨਾਂ ਵਿੱਚ ਸਵਾਲਾਂ ਦੇ ਜਵਾਬ ਕਿਸ ਤਰ੍ਹਾਂ ਦੇ ਦਿੱਤੇ ਗਏ ਹੋਣਗੇ।




Bima Bemisaal
ਰੰਜਨ ਜਾਣਦਾ ਹੈ ਲਾਇਸੰਸਡ ਵਿਚੋਲਿਆਂ ਬਾਰੇ
ਰੰਜਨ ਛੁੱਟੀ ਦੇ ਦਿਨ ਮਿਲਦਾ ਹੈ ਆਪਣੇ ਦੋਸਤ ਮੋਹਨ ਨੂੰ
ਹੈਲੋ, ਮੋਹਨ, ਯਾਰ ਮੈਂ ਤੈਨੂੰ ਇਕ ਗੱਲ ਦੱਸਣੀ ਚਾਹੁੰਦਾ ਹਾਂ, ਕਿ ਕਿਸੇ ਉੱਦਮੀ ਵਿਅਕਤੀ ਨੇ ਮੈਨੂੰ ਫ਼ੋਨ ਕਰਕੇ ਵਾਅਦਾ ਕੀਤਾ ਏ, ਉਹ ਮੈਨੂੰ ਸਿਰਫ਼ ਜੀਵਨ ਬੀਮਾ ਪਾਲਿਸੀ ਹੀ ਨਹੀਂ ਦਿਵਾਏਗਾ ਜਿਸ ਦੀ ਕਿ ਮੈਨੂੰ ਲੋੜ ਹੈ, ਸਗੋਂ ਕੁਝ ਹੋਰ ਪ੍ਰੋਤਸਾਹਨ ਵੀ ਦਵਾਏਗਾ ਜਿਵੇਂ ਸਕਾਲਰਸ਼ਿਪ ਆਦਿ। ਉਹਦਾ ਪ੍ਰਸਤਾਵ ਤਾਂ ਬੜਾ ਵਧੀਆ ਜਾਪਦਾ ਏ, ਸੋਚਦਾਂ ਲੈ ਹੀ ਲਵਾਂ।
ਰੰਜਨ, 'ਕਿਸੇ ਉੱਦਮੀ ਵਿਅਕਤੀ' ਤੋਂ ਤੇਰਾ ਕੀ ਭਾਵ ਏ ? ਕੀ ਤੂੰ ਇਹ ਜਾਂਚ ਕੀਤੀ ਕਿ ਕੀ ਉਹ ਲਾਇਸੰਸਡ ਏਜੰਟ ਜਾਂ ਬ੍ਰੋਕਰ ਹੈ ?
ਨਹੀਂ, ਪਰ ਇਸ ਦਾ ਕੀ ਫ਼ਰਕ ਪੈਂਦਾ ਏ, ਜਦ ਮੈਨੂੰ ਲੋੜੀਂਦੀ ਪਾਲਿਸੀ ਮਿਲ ਜਾਏਗੀ ਅਤੇ ਨਾਲ ਹੀ ਕੁਝ ਵਾਧੂ ਫ਼ਾਇਦੇ ਮੁਫ਼ਤ ?
ਹਾਂ, ਫ਼ਰਕ ਪੈਂਦਾ ਏ... ਬਹੁਤ ਫ਼ਰਕ ਪੈਂਦਾ ਏ। ਪਹਿਲੀ ਗੱਲ ਤਾਂ ਇਹ ਹੈ ਕਿ ਤੈਨੂੰ ਸਿਰਫ਼ ਇੰਸ਼ੋਰੈਂਸ ਰੈਗੂਲੇਟਰੀ ਐਂਡ ਡਵੈਲਪਮੈਂਟ ਅਥਾਰਿਟੀ (ਆਈਆਰਡੀਏ) ਦੁਆਰਾ ਲਾਇਸੰਸਡ ਏਜੰਟਾਂ ਜਾਂ ਬ੍ਰੋਕਰਾਂ ਨਾਲ ਹੀ ਵਿਵਹਾਰ ਕਰਨਾ ਚਾਹੀਦਾ ਹੈ, ਅਤੇ ਦੂਜੀ ਇਹ ਕਿ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਰੀਬੇਟ ਪੇਸ਼ ਕਰਨਾ ਹੀ ਬੀਮਾ ਐਕਟ, 1938 ਦੀ ਧਾਰਾ 41 ਅਧੀਨ ਗੈਰਕਾਨੂੰਨੀ ਨਹੀਂ ਹੈ, ਸਗੋਂ ਐਸਾ ਰੀਬੇਟ ਸਵੀਕਾਰ ਕਰਨਾ ਵੀ ਕਾਨੂੰਨ ਦੀ ਉਲੰਘਣਾ ਹੈ। ਸਾਨੂੰ ਕਾਨੂੰਨ ਦੀ ਇੱਜ਼ਤ ਕਰਨ ਵਾਲੇ ਸ਼ਹਿਰੀਆਂ ਦੇ ਰੂਪ ਵਿੱਚ ਐਸੇ ਪ੍ਰਲੋਭਨਾਂ ਤੋਂ ਦੂਰ ਰਹਿਣਾ ਚਾਹੀਦਾ ਹੈ।
ਮੋਹਨ, ਯਾਰ ਤੂੰ ਠੀਕ ਕਹਿੰਦਾ ਏਂ। ਮੈਂ ਤਾਂ ਐਵੇਂ ਬਸ ਲਾਲਚ ਜਿਹੇ ਵਿੱਚ ਆ ਗਿਆ ਸਾਂ।
ਰੰਜਨ, ਵਿਚੋਲਿਆਂ ਬਾਰੇ ਹੋਰ ਜਾਣਕਾਰੀ ਪਾਉਣ ਲਈ ਤੈਨੂੰ ਆਈਆਰਡੀਏ ਦੀ ਕੰਜ਼ਿਊਮਰ ਐਜੂਕੇਸ਼ਨ ਵੇਬਸਾਇਟ www.policyholder.gov.in 'ਤੇ ਜਾਣਾ ਚਾਹੀਦਾ ਹੈ। ਇਸ ਵੇਬਸਾਈਟ ਤੋਂ ਤੂੰ ਬੀਮੇ ਬਾਰੇ ਹੋਰ ਵੀ ਬਹੁਤ ਜਾਣਕਾਰੀ ਪਾ ਸਕਦਾ ਏਂ। ਪਾਲਿਸੀਹੋਲਡਰਾਂ ਲਈ ਅੰਗ੍ਰੇਜ਼ੀ, ਹਿੰਦੀ ਅਤੇ ਵੱਖ-ਵੱਖ ਭਾਰਤੀ ਜ਼ਬਾਨਾਂ ਵਿੱਚ ਦਸਤੀ ਪੁਸਤਕਾਂ ਵੀ ਉਪਲਬਧ ਹਨ।
ਤੇਰਾ ਸ਼ੁਕਰੀਆ ਯਾਰ ਮੋਹਨ, ਤੂੰ ਮੈਨੂੰ ਏਨੀ ਸਾਰੀ ਜਾਣਕਾਰੀ ਦੇ ਦਿੱਤੀ। ਮੈਂ ਇਹ ਵੇਬਸਾਈਟ ਜ਼ਰੂਰ ਵੇਖਾਂਗਾ।
ਸਿਰਫ਼ ਲਾਇਸੰਸਡ ਬੀਮਾ ਏਜੰਟਾਂ ਨਾਲ ਹੀ ਵਿਵਹਾਰ ਕਰੋ। ਗੈਰਜ਼ਿੰਮੇਵਾਰ ਵਿਅਕਤੀਆਂ ਤੋਂ ਬਚ ਕੇ ਰਹੋ।


Bima Bemisaal
ਆਈ ਆਰ ਡੀ ਏ
irda
ਰੰਜਨ ਜਾਣਦਾ ਹੈ ਸਰਵੇਅਰਾਂ ਬਾਰੇ
ਇਕ ਸ਼ਾਮ ਭਾਰੀ ਟ੍ਰੈਫ਼ਿਕ ਵਿੱਚ ਡ੍ਰਾਈਵ ਕਰਦੇ ਹੋਇਆਂ, ਰੱਜਨ ਦੀ ਕਾਰ ਨੂੰ ਇਕ ਲਾਰੀ ਨੇ ਪੂਰੀ ਸਪੀਡ ਵਿੱਚ ਪਿੱਛੋਂ ਠੋਕ ਦਿੱਤਾ। ਕਿਸੇ ਨਾ ਕਿਸੇ ਤਰ੍ਹਾਂ ਉਹਨੇ ਕਾਰ ਸੜਕ ਦੇ ਖੱਬੇ ਪਾਸੇ ਲੈ ਆਂਦੀ। ਖ਼ੁਸ਼ਕਿਸਮਤੀ ਨੂੰ, ਬੀਮਾ ਕੰਪਨੀ ਦਾ ਸਾਰਾ ਵੇਰਵਾ ਗਲੋਵ ਕੰਪਾਰਟਮੈਂਟ ਵਿੱਚ ਰੱਖਿਆ ਹੋਇਆ ਸੀ।
ਹੈਲੋ, ਸਰ, ਮੇਰਾ ਨਾਂਅ ਰੰਜਨ ਏ, ਅਤੇ ਮੇਰੀ ਮੋਟਰ ਇੰਸ਼ੋਰੈਂਸ ਪਾਲਿਸੀ ਨੰ. 1234567 ਹੈ ਜੋ ਤੁਹਾਡੀ ਕੰਪਨੀ ਤੋਂ ਲਈ ਹੈ। ਮੈਂ ਆਪਣੀ ਕਾਰ ਨੰ. ABC 1234 ਦੇ ਐਕਸੀਡੈਂਟ ਬਾਰੇ ਦੱਸਣਾ ਚਾਹੁੰਦਾ ਹਾਂ।
ਤੁਹਾਡੀ ਕਾਰ ਇਸ ਵੇਲੇ ਕਿਸ ਏਰੀਏ ਵਿੱਚ ਹੈ ?
XYZ Insurance
ਮੈਂ ਰੋਡ ਨੰ. 5 ’ਤੇ 4ਥੇ ਟ੍ਰੈਫ਼ਿਕ ਜੰਕਸ਼ਨ ਦੇ ਨੇੜੇ ਹਾਂ। ਮੈਂ ਕਾਰ ਨੂੰ ਟੋਅ ਕਰਕੇ ਸਰਵਿਸ ਸੈਂਟਰ ਲਿਜਾਣਾ ਚਾਹੁੰਦਾ ਹਾਂ।
ਮਿ. ਰੰਜਨ, ਮੈਂ ਬੇਨਤੀ ਕਰਾਂਗਾ ਕਿ ਆਪਣੀ ਕਾਰ ਨੂੰ ਉੱਥੇ ਹੀ ਰਹਿਣ ਦਿਓ। ਮੈਂ ਇਕ ਸਰਵੇਅਰ ਭੇਜਾਂਗਾ ਜੋ ਤੁਹਾਡੀ ਕਾਰ ਨੂੰ ਵੇਖ ਕੇ ਨੁਕਸਾਨ ਦਾ ਅਨੁਮਾਨ ਲਗਾਏਗਾ।
ਸਰਵੇਅਰ ? ਸਰਵੇਅਰ ਦਾ ਇਸ ਮਾਮਲੇ ਵਿੱਚ ਕੀ ਕੰਮ ਏ ? ਮੇਰਾ ਸੰਬੰਧ ਤਾਂ ਸਿਰਫ਼ ਤੁਹਾਡੇ ਨਾਲ ਹੈ। ਮੈਂ ਕਿਸੇ ਤੀਜੀ ਪਾਰਟੀ ਨਾਲ ਕੋਈ ਗੱਲ ਨਹੀਂ ਕਰਨੀ ਚਾਹੁੰਦਾ।
ਜੁਨਾਬ, ਇਕ ਬੀਮਾ ਸਰਵੇਅਰ ਗੱਡੀ ਜਾਂ ਹੋਰ ਬੀਮਾ ਕੀਤੀ ਕਿਸੇ ਵੀ ਚੀਜ਼ ਦਾ ਮੁਆਇਨਾ ਕਰਕੇ ਨੁਕਸਾਨ ਦਾ ਅਨੁਮਾਨ ਲਗਾਉਂਦਾ ਹੈ। ਜੋ ਸਰਵੇਅਰ ਅਸੀਂ ਨਿਯੁਕਤ ਕਰਾਂਗੇ, ਉਹ ਸਾਡੇ ਨਮਿਤ ਤੁਹਾਡੀ ਕਾਰ ਦੇ ਨੁਕਸਾਨ ਦਾ ਅਨੁਮਾਨ ਲਗਾਏਗਾ।
ਪਰ ਉਸ ਦੀ ਕਾਬਲੀਅਤ ਕੀ ਹੋ ਏਗੀ ? ਤੁਸੀਂ ਇਕ ਤੀਜੀ ਪਾਰਟੀ ਦੇ ਫ਼ੈਸਲੇ ’ਤੇ ਕਿਵੇਂ ਭਰੋਸਾ ਕਰ ਸਕਦੇ ਹੋ ? ਮੈਨੂੰ ਤਾਂ ਇਹ ਪ੍ਰਬੰਧ ਕੁਝ ਪਸੰਦ ਨਹੀਂ ਆਇਆ।
ਮਿ. ਰੰਜਨ, ਮੈਂ ਤੁਹਾਨੂੰ ਸਮਝਾਉਂਦਾ ਹਾਂ ਕਿ ਇਕ ਬੀਮਾ ਸਰਵੇਅਰ ਇਕ ਪ੍ਰੋਫ਼ੈਸ਼ਨਲ ਹੁੰਦਾ ਹੈ ਜਿਸ ਨੂੰ ਇੰਸ਼ੋਰੈਂਸ ਰੈਗੂਲੇਟਰੀ ਐਂਡ ਡਵੈਲਪਮੈਂਟ ਅਥਾਰਿਟੀ (ਆਈਆਰਡੀਏ) ਵੱਲੋਂ ਲਾਇਸੰਸ ਦਿੱਤਾ ਜਾਂਦਾ ਹੈ ਕਿ ਉਹ ਆਮ ਬੀਮਾ ਬਿਜ਼ਨਸ ਦੇ ਮਾਮਲੇ ਵਿੱਚ ਇਕ ਸਰਵੇਅਰ ਅਤੇ ਨੁਕਸਾਨ ਅਸੈਸਰ (ਮੁਲਾਕਣ ਕਰਤਾ) ਵਜੋਂ ਕੰਮ ਕਰ ਸਕੇ। ਤੁਸੀਂ ਪੂਰਾ ਭਰੋਸਾ ਰੱਖੋ, ਕਿ ਜੋ ਸਰਵੇਅਰ ਅਸੀਂ ਭੇਜਾਂਗੇ ਉਹ ਪੂਰੀ ਤਰ੍ਹਾਂ ਆਈਆਰਡੀਏ ਵੱਲੋਂ ਲਾਇਸੰਸਡ ਵਿਅਕਤੀ ਹੈ। ਮੈਂ ਤੁਹਾਨੂੰ ਉਸ ਦਾ ਵੇਰਵਾ ਦੇਂਦਾ ਹਾਂ... ਉਸ ਪਾਸ ਸਾਡੀ ਕੰਪਨੀ ਵੱਲੋਂ ਇਸ਼ੂ ਕੀਤਾ ਹੋਇਆ ਇਕ ਨਿਯੁਕਤੀ ਪੱਤਰ ਹੋਏਗਾ।
ਠੀਕ ਐ... ਮੈਂ ਐਕਸੀਡੈਂਟ ਵਾਲੇ ਥਾਂ ’ਤੇ ਉਹਦੀ ਉਡੀਕ ਕਰਾਂਗਾ। ਤੁਹਾਡੇ ਵੱਲੋਂ ਤਤਪਰ ਕਾਰਵਾਈ ਕਰਨ ਲਈ ਸ਼ੁਕਰੀਆ।
ਯਾਦ ਰੱਖੋ, ਬੀਮਾ ਸਰਵੇਅਰ ਆਈਆਰਡੀਏ ਵੱਲੋਂ ਲਾਇਸੰਸਡ ਪ੍ਰੋਫ਼ੈਸ਼ਨਲ ਹੁੰਦੇ ਹਨ ਜੋ ਇੰਸ਼ੋਰੈਂਸ ਸਰਵੇਰਜ਼ ਐਂਡ ਲਾਸ ਐਸਸਰਜ਼ (ਲਾਇਸੰਸਿੰਗ, ਪ੍ਰੋਫ਼ੈਸ਼ਨਲ ਰਿਕੁਆਇਰਮੈਂਟ ਐਂਡ ਕੋਡ ਆਫ਼ ਕੰਡਕਟ) ਰੈਗੂਲੇਸ਼ਨਜ਼, 2000 ਅਧੀਨ ਸਰਵੇਅਰਾਂ ਅਤੇ ਨੁਕਸਾਨ ਦੇ ਅਸੈਸਰਾਂ ਵਜੋਂ ਕੰਮ ਕਰਦੇ ਹਨ।



Bima Bemisaal
irda
ਰੰਜਨ ਨੇ ਪਾਈ ਟੈਕ ਜਾਣਕਾਰੀ
ਰੰਜਨ ਨੇ ਇਕ ਬਿਜ਼ਨਿਸ ਟ੍ਰਿਪ 'ਤੇ ਵਿਦੇਸ਼ ਜਾਣਾ ਹੈ ਤੇ ਉਹ ਯਾਤਰਾ ਦਾ ਪ੍ਰਬੰਧ ਕਰਨ ਵਿੱਚ ਰੁੱਝਾ ਹੋਇਆ ਹੈ। ਯਾਤਰਾ ਦੀ ਤਾਰੀਖ਼ ਨੇੜੇ ਆ ਰਹੀ ਸੀ ਜਦ ਉਸ ਦੇ ਦੋਸਤ ਮੋਹਨ ਨੇ ਉਹਨੂੰ ਪ੍ਰੇਰਿਆ ਕਿ ਉਹ ਯਾਤਰਾ ਬੀਮੇ ਦਾ ਵੀ ਪਲਾਨ ਬਣਾਏ। ਗੱਲ ਰੰਜਨ ਦੇ ਦਿਲ ਲੱਗੀ ਤੇ ਉਹਨੇ ਵੇਬ ਰਾਹੀਂ ਪਾਲਿਸੀ ਲਈ ਅਰਜ਼ੀ ਤੇਜਣ ਦਾ ਫ਼ੈਸਲਾ ਕੀਤਾ।
ਰਾਧਾ, ਮੈਨੂੰ ਢੇਰ ਸਾਰੀ ਪੈਕਿੰਗ ਕਰਨੀ ਏ, ਕੀ ਤੂੰ ਮੇਰੇ ਲਈ ਵੇਬ 'ਤੇ ਯਾਤਰਾ ਬੀਮਾ ਪਾਲਿਸੀ ਬਾਰੇ ਪਤਾ ਲਗਾਉਣ ਵਿੱਚ ਹੱਥ ਵਟਾ ਸਕਦੀ ਏਂ ? ਬਸ ਕਿਸੇ ਸਰਚ ਇੰਜਣ ਵਿੱਚੋਂ ਲੰਘਦੇ ਹੋਇਆ ਮੇਰੇ ਲਈ ਥੋੜ੍ਹਾ ਵੇਰਵਾ ਲੱਭ ਲੈ।
ਰੰਜਨ, ਵੇਬ ਉੱਤੇ ਤਾਂ ਢੇਰਾਂ ਵੇਰਵਾ ਮੌਜੂਦ ਏ। ਜ਼ਰਾ ਵੇਖੋ, ਇਹ ਵੇਬਸਾਈਟ www.xyz.com. ਪੇਸ਼ ਹਨ ਕਿੰਨੀਆਂ ਦੀ ਯਾਤਰਾ ਬੀਮਾ ਪਾਲਿਸੀਆਂ। ਬਸ ਸਾਨੂੰ ਆਪਣੇ ਲਈ ਪਸੰਦ ਕਰਨੀ ਏ।
ਇਹ ਤਾਂ ਬਹੁਤ ਵਧੀਆਂ ਗੱਲ ਏ। ਬਸ ਸਭ ਤੋਂ ਸਸਤੀ ਪਾਲਿਸੀ ਲੱਭ ਲੈ ਤੇ ਇਹ ਕੰਮ ਕਰ ਲੈ ਝੱਟਪੱਟ... ਜ਼ਰਾ ਇਕ ਸਕਿੰਟ ਰੁਕੀਂ... ਮੈਂ ਆਪਣੇ ਦੋਸਤ ਮੋਹਨ ਤੋਂ ਵੀ ਪੁੱਛ ਲਾਂ।
ਹਾਂ, ਮੋਹਨ, ਰਾਧਾ ਤੇ ਮੈਂ ਵੇਬ ਉੱਤੇ ਯਾਤਰਾ ਬੀਮਾ ਪਾਲਿਸੀ ਬਾਰੇ ਵੇਖ ਰਹੇ ਸਾਂ... ਕਿੰਨੀਆਂ ਹੀ ਵੇਬਸਾਈਟਾਂ 'ਤੇ ਵਿਭਿੰਨ ਬੀਮਾ ਕੰਪਨੀਆਂ ਵੱਲੋਂ ਅਨੇਕਾਂ ਪਾਲਿਸੀਆਂ ਦੀ ਪੇਸ਼ਕਸ਼ ਮੌਜੂਦ ਏ। ਬੜੇ ਪਰੇਸ਼ਾਨ ਹਾਂ ਕਿ ਆਪਣੇ ਲਈ ਕਿਹੜੀ ਯਾਤਰਾ ਬੀਮਾ ਪਾਲਿਸੀ ਚੁਣੀਏ ?
ਰੰਜਨ, ਕੀ ਤੁਸੀਂ ਲੋਕ ਬ੍ਰੋਕਰਜ਼ ਵੇਬਸਾਈਟ ਵੇਖ ਰਹੇ ਹੋ ? ਕੀ ਕੰਪਨੀ ਦੇ ਨਾਂਅ ਵਿੱਚ ਸ਼ਬਦ 'ਬ੍ਰੋਕਰ' ਸ਼ਾਮਿਲ ਏ ?
ਓਹ, ਨਹੀਂ, ਮੇਰਾ ਖ਼ਿਆਲ ਏ ਨਹੀਂ, ਕਿਉਂਕਿ ਸ਼ਬਦ 'ਬ੍ਰੋਕਰ' ਕਿਧਰੇ ਵੀ ਨਹੀਂ ਦਿਸਦਾ। ਸ਼ਾਇਦ ਇਹ ਕੋਈ ਐਸਾ ਪੋਰਟਲ ਏ ਜੋ ਬੀਮਾ ਪਾਲਿਸੀਆਂ ਬਾਰੇ ਜਾਣਕਾਰੀ ਦੇਣ ਵਿੱਚ ਸਪੈਸ਼ਲਿਸਟ ਏ।
ਰੰਜਨ, ਇੰਸ਼ੋਰੈਂਸ ਰੈਗੂਲੇਟਰੀ ਐਂਡ ਡਵੈਲਪਮੈਂਟ ਅਥਾਰਿਟੀ (ਆਈਆਰਡੀਏ) ਨੇ ਐਸੇ ਪੋਰਟਲ ਰਜਿਸਟਰ ਕਰਨ ਲਈ ਮਾਰਗਦਰਸ਼ਨ ਇਸ਼ੂ ਕੀਤੇ ਹਨ। ਇਹਨਾਂ ਨੂੰ ਵੇਬ ਐਗਰੀਗੇਟਰ ਕਹਿੰਦੇ ਨੇ। ਤੁਸੀਂ ਜੋ ਵੀ ਪੋਰਟਲ ਵੇਖੋ, ਉਹ ਆਈਆਰਡੀਏ ਨਾਲ ਰਜਿਸਟਰ ਜ਼ਰੂਰ ਹੋਣਾ ਚਾਹੀਦਾ ਹੈ। ਕਿਸੇ ਵੀ ਐਸੇ ਪੋਰਟਲ ਰਾਹੀਂ ਪਾਲਿਸੀ ਲਈ ਆਵੇਦਨ ਨਾ ਕਰੋ ਜੋ ਆਈਆਰਡੀਏ ਨਾਲ ਰਜਿਸਟਰ ਨਹੀਂ ਏ।
ਯਾਦ ਰੱਖੋ, ਸਿਰਫ਼ ਆਈਆਰਡੀਏ ਦੁਆਰਾ ਲਾਇਸੰਸਡ ਵੇਬ ਐਗਰੀਗੇਟਰਜ਼ ਹੀ ਵਿਭਿੰਨ ਬੀਮਾ ਕੰਪਨੀਆਂ ਦੁਆਰਾ ਪੇਸ਼ ਕੀਤੀਆਂ ਜਾਣ ਵਾਲੀਆਂ ਬੀਮਾ ਪਾਲਿਸੀਆਂ ਬਾਰੇ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ।

# ਰੰਜਨ ਜਾਣਦਾ ਹੈ
# ਕੈਸ਼ਲੈੱਸ ਸੇਵਾ ਬਾਰੇ

ਜੀਵਨ ਅਚਰਜ ਮੌਕਿਆਂ ਨਾਲ ਭਰਿਆ ਰਹਿੰਦਾ ਹੈ, ਕਦੇ-ਕਦੇ ਭੈੜੇ ਮੌਕਿਆਂ ਨਾਲ। ਰੰਜਨ ਨੇ ਆਪਣੀ ਸਵੇਰ ਦੀ ਸੈਰ ਕਦੇ ਵੀ ਮਿੱਸ ਨਹੀਂ ਸੀ ਕੀਤੀ, ਪਰ ਅੱਜ ਦਫ਼ਤਰ ਵਿੱਚ ਅਚਾਨਕ ਉਸ ਦੀ ਛਾਤੀ ਵਿੱਚ ਦਰਦ ਹੋਣ ਲੱਗਾ। ਉਸ ਨੇ ਇਕ ਕਾਰਡਿਆਲੋਜਿਸਟ ਦੀ ਸਲਾਹ ਲਈ ਜਿਸ ਨੇ ਬਾਈ-ਪਾਸ ਸਰਜਰੀ ਕਰਾਉਣ ਲਈ ਕਿਹਾ, ਕਿਉਂਕਿ ਕਈ ਧਮਨੀਆਂ ਰੁਕੀਆਂ ਹੋਈਆਂ ਸਨ। ਉਹਨੇ ਮੋਹਨ ਨਾਲ ਗੱਲ ਕੀਤੀ -







ਕੈਸ਼ਲੈੱਸ ਸੇਵਾ ਇਕ ਸਪੈਸ਼ਲਾਈਜ਼ਡ ਸੇਵਾ ਏ ਜੋ ਬੀਮਾ ਕਰਤਾ ਪ੍ਰਦਾਨ ਕਰਦਾ ਏ। ਇਸ ਵਿੱਚ ਵਿਅਕਤੀ ਨੂੰ ਹਸਪਤਾਲ ਵਿੱਚੋਂ ਖ਼ਾਰਿਜ ਹੋਣ ਵੇਲੇ ਹਸਪਤਾਲਵਾਸ ਦੇ ਖ਼ਰਚੇ ਅਦਾ ਕਰਨ ਦੀ ਲੋੜ ਨਹੀਂ ਪੈਂਦੀ। ਭੁਗਤਾਨ ਦਾ ਨਿਪਟਾਰਾ ਕੁਝ ਪ੍ਰਕਿਰਿਆਵਾਂ ਪੂਰੀਆਂ ਕਰਨ ਨਾਲ, ਬੀਮਾ ਕੰਪਨੀ ਦੁਆਰਾ ਸਿੱਧਾ ਕੀਤਾ ਜਾਂਦਾ ਹੈ।
ਏਨੀ ਸਾਰੀ ਜਾਣਕਾਰੀ ਦੇਣ ਲਈ ਤੇਰਾ ਸ਼ੁਕਰੀਆ ਮੋਹਨ... ਪਰ ਇਹ ਪ੍ਰਕਿਰਿਆਵਾਂ ਕੀ ਨੇ ?
ਤੁਹਾਡੇ ਟੀਪੀਏ ਦਾ ਵੇਰਵਾ ਕੰਪਨੀ ਵੱਲੋਂ ਇਸ਼ੂ ਕੀਤੇ ਗਏ ਤੁਹਾਡੇ ਆਈਡੀ ਕਾਰਡ ਵਿੱਚ ਉਪਲਬਧ ਏ। ਕਿਰਪਾ ਕਰਕੇ ਟੀਪੀਏ ਨਾਲ ਹੁਣੇ ਗੱਲ ਕਰ। ਜੇ ਤੁਹਾਡੇ ਕੋਲ ਆਈਡੀ ਕਾਰਡ ਨਹੀਂ ਹੈ, ਤਾਂ ਕਦੇ ਕਦੇ ਬੀਮਾ ਕੰਪਨੀਆਂ ਇਹ ਕੈਸ਼ਲੈੱਸ ਸਹੂਲਤ ਤੁਹਾਡੀ ਪਾਲਿਸੀ ਦੇ ਨੰਬਰ ਅਤੇ ਪਛਾਣ ਲਈ ਪਾਸਪੋਰਟ / ਪੈਨ ਕਾਰਡ /ਵੋਟਰ ਕਾਰਡ ਦੇ ਆਧਾਰ 'ਤੇ ਹੀ ਦੇ ਦੇਂਦੀਆਂ ਹਨ। ਪਰ ਤੁਹਾਨੂੰ ਇਕ ਗੱਲ ਜ਼ਰੂਰ ਯਾਦ ਰੱਖਣੀ ਚਾਹੀਦੀ ਏ ਕਿ ਕੈਸ਼ਲੈੱਸ ਸਹੂਲਤ ਬੀਮਾ ਕਰਤਾ / ਟੀਪੀਏ ਨੈੱਟਵਰਕ ਦੇ ਹਸਪਾਤਲਾਂ ਵਿੱਚ ਹੀ ਉਪਲਬਧ ਹੁੰਦੀ ਏ। ਨੈੱਟਵਰਕ ਹਸਪਤਾਲ ਉਹ ਹੁੰਦੇ ਹਨ ਜੋ ਇਕ ਐਸੇ ਖ਼ਾਸ ਟੀਪੀਏ ਲਈ ਕੈਸ਼ਲੈੱਸ ਸਹੂਲਤ ਪੇਸ਼ ਕਰਦੇ ਹਨ, ਜਿਸ ਨੇ ਉਹਨਾਂ ਨਾਲ ਕਾਂਟ੍ਰੈਕਟ ਕੀਤਾ ਹੁੰਦਾ ਏ।
ਰੰਜਨ ਨੇ ਟੀਪੀਏ ਨਾਲ ਸੰਪਰਕ ਕੀਤਾ ਅਤੇ ਪਤਾ ਲੱਗਾ ਕਿ ਉਸ ਦਾ ਹਸਪਤਾਲ ਵਾਕਈ ਇਕ ਨੈੱਟਵਰਕ ਹਸਪਤਾਲ ਸੀ।
TPA
ਹਸਪਤਾਲ ਦੇ ਸਰਵਿਸ ਡੈਸਕ 'ਤੇ ਜਾਓ ਅਤੇ ਯਾਦ ਰੱਖੋ ਕਿ ਤੁਹਾਨੂੰ ਦੱਸੀ ਗਈ ਪ੍ਰਕਿਰਿਆ ਪੂਰੀ ਕਰਨੀ ਏ।
ਰੰਜਨ ਦੀ ਸਰਜਰੀ ਕਾਮਯਾਬ ਰਹੀ। ਮੋਹਨ ਮਿਲਣ ਲਈ ਆਇਆ।
ਤੈਨੂੰ ਫਿਰ ਤੋਂ ਠੀਕ-ਠਾਕ ਵੇਖ ਕੇ ਬੜੀ ਖ਼ੁਸ਼ੀ ਹੋ ਰਹੀ ਏ, ਰੰਜਨ !
ਮੋਹਨ, ਤੇਰਾ ਬਹੁਤ ਬਹੁਤ ਸ਼ੁਕਰੀਆ ਕਿ ਤੂੰ ਮੈਨੂੰ ਸਿਹਤ ਬੀਮੇ ਵਿੱਚ ਕੈਸ਼ਲੈੱਸ ਕਲੇਮ ਬਾਰੇ ਵਕਤ-ਸਿਰ ਸਲਾਹ ਦਿੱਤੀ। ਪਰ ਮੇਰਾ ਇਕ ਹੋਰ ਵੀ ਸ਼ੱਕ ਏ। ਇਮਰਜੰਸੀ ਹਸਪਤਾਲਵਾਸ ਬਾਰੇ ਕੀ ? ਉਸ ਵਿੱਚ ਤਾਂ ਏਨਾ ਵਕਤ ਨਹੀਂ ਹੁੰਦਾ ਕਿ ਟੀਪੀਏ ਨਾਲ ਪੇਸ਼ਗੀ ਸੰਪਰਕ ਕੀਤਾ ਜਾ ਸਕੇ, ਜਿਵੇਂ ਕਿਸੇ ਐਕਸੀਡੈਂਟ ਜਾਂ ਹਾਰਟ ਅਟੈਕ ਆਦਿ ਦੀ ਹਾਲਤ ਵਿੱਚ।
ਤਦ ਤੁਸੀਂ ਬੀਮਿਤ ਮਰੀਜ਼ ਨੂੰ ਇਲਾਜ ਲਈ ਫ਼ੌਰਨ ਹਸਪਤਾਲ ਲੈ ਜਾਓ ਅਤੇ ਪਰਿਵਾਰ ਦੇ ਮੈਂਬਰ ਟੀਪੀਏ ਨਾਲ ਸੰਪਰਕ ਕਰ ਸਕਦੇ ਨੇ ਜਾਂ ਹਸਪਤਾਲ ਵਿੱਚ ਹੈਲਪਡੈਸਕ ਦੀ ਮਦਦ ਲਈ ਆਈਡੀ ਕਾਰਡ ਦਾ ਵੇਰਵਾ ਦੇ ਸਕਦੇ ਨੇ ਤਾਂ ਕਿ ਕੈਸ਼ਲੈੱਸ ਮੰਜ਼ੂਰੀ ਲੈਣ ਲਈ ਟੀਪੀਏ ਨਾਲ ਤਾਲ-ਮੇਲ ਬਿਠਾਇਆ ਜਾ ਸਕੇ।
ਯਾਦ ਰੱਖੋ, ਜ਼ਿਆਦਾਤਰ ਸਿਹਤ ਬੀਮਾ ਪਾਲਿਸੀਆਂ ਕੈਸ਼ਲੈੱਸ ਸਹੂਲਤ ਪੇਸ਼ ਕਰਦੀਆਂ ਹਨ। ਇਸ ਲਈ ਲੋੜੀਂਦੇ ਦਸਤਾਵੇਜ਼ਾਂ ਅਤੇ ਪ੍ਰਕਿਰਿਆਵਾਂ ਦੀ ਖ਼ੁਦ ਜਾਣਕਾਰੀ ਪਾਓ।

# ਇਸ ਲੜੀ ਬਾਰੇ

ਇਸ ਲੜੀ ਨੂੰ ਇੰਸ਼ੋਰੈਂਸ ਰੈਗੂਲੇਟਰੀ ਐਂਡ ਡਵੈਲਪਮੈਂਟ ਅਥਾਰਿਟੀ (ਆਈਆਰਡੀਏ) ਨੇ, ਤੁਹਾਨੂੰ ਸਿਰਫ਼ ਆਮ ਜਾਣਕਾਰੀ ਦੇਣ ਲਈ ਡਿਜ਼ਾਈਨ ਕੀਤਾ ਹੈ। ਇੱਥੇ ਦਿੱਤੀ ਗਈ ਕੋਈ ਵੀ ਜਾਣਕਾਰੀ ਇਕ ਬੀਮਾ ਪਾਲਿਸੀ ਦੇ ਨਿਯਮਾਂ ਅਤੇ ਸ਼ਰਤਾਂ ਦਾ ਥਾਂ ਨਹੀਂ ਲੈਂਦੀ, ਨਾ ਉਹਨਾਂ ਦੀ ਉਲੰਘਣਾ ਕਰਦੀ ਹੈ।

ਪਾਲਿਸੀ ਬਾਰੇ ਕਿਸੇ ਖ਼ਾਸ ਜਾਣਕਾਰੀ ਲਈ ਜਾਂ ਹੋਰ ਅਤਿਰਿਕਤ ਜਾਣਕਾਰੀ ਲਈ, ਕਿਰਪਾ ਕਰਕੇ ਪੂਰੀ ਤਰ੍ਹਾਂ ਲਇਸੰਸਡ ਏਜੰਟ ਜਾਂ ਬ੍ਰੋਕਰ ਜਾਂ ਫਿਰ ਆਈਆਰਡੀਏ ਨਾਲ ਰਜਿਸਟਰਡ ਬੀਮਾ ਕੰਪਨੀ ਨਾਲ ਸੰਪਰਕ ਕਰੋ।

ਬੀਮਾ ਵਿਨਿਯਾਮਕ ਅਤੇ ਵਿਕਾਸ ਪ੍ਰਾਧਿਕਰਨ

INSURANCE REGULATORY AND DEVELOPMENT AUTHORITY

ਹਿਮਾਇਤ ਬੀਮੇ ਦੀ, ਸੁਰੱਖਿਆ ਬੀਮਿਤ ਦੀ।

**ਬੇਦਾਅਵਾ**

ਇਸ ਲੜੀ ਦਾ ਮਨੋਰਥ ਤੁਹਾਨੂੰ ਆਮ ਜਾਣਕਾਰੀ ਦੇਣਾ ਹੈ, ਇਹ ਮੁਕੰਮਲ ਨਹੀਂ ਹੈ। ਇਹ ਇਕ ਗਿਆਨ ਪਹਿਲਕਮੀ ਹੈ ਅਤੇ ਤੁਹਾਡੇ ਲਈ ਕੋਈ ਕਾਨੂੰਨੀ ਸਲਾਹ ਦੇਣੀ ਇਸ ਦਾ ਟੀਚਾ ਨਹੀਂ।

Designed by Mindset